# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 11-08-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ, ਉੱਚ-ਉਪਜ ਵਾਲੀਆਂ, ਜਲਵਾਯੂ ਅਨੁਕੂਲ ਅਤੇ ਜੈਵ-ਸ਼ਸ਼ਕਤ ਫਸਲਾਂ ਦੀਆਂ 109 ਕਿਸਮਾਂ ਜਾਰੀ ਕੀਤੀਆਂ।
- ਕੇਂਦਰੀ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ, ਗੰਨੇ ਤੋਂ ਇਲਾਵਾ, ਮੱਕੀ, ਟੁੱਟੇ ਹੋਏ ਚੌਲਾਂ, ਫਲਾਂ ਦੇ ਛਿਲਕਿਆਂ ਅਤੇ ਬਾਂਸ ਤੋਂ ਈਥਾਨੋਲ ਉਤਪਾਦਨ ਲਈ, ਬਹੁ-ਆਯਾਮੀ ਅਤੇ ਭਵਿੱਖ-ਮੁਖੀ ਪਹੁੰਚ ਅਪਣਾਉਣ ਦੀ ਅਪੀਲ ਕੀਤੀ ਏ।
- ਹੁਸ਼ਿਆਰਪੁਰ ਜ਼ਿਲੇ ਦੇ ਜੇਜੋ ਚੋਅ 'ਚ ਆਏ ਹੜ ਕਾਰਨ, ਕਾਰ ਸਵਾਰ 12 ਜਣੇ ਪਾਣੀ ਵਿਚ ਵਹੇ- 9 ਜਣਿਆ ਦੀ ਡੁੱਬਣ ਨਾਲ ਮੌਤ, ਇਕ ਨੂੰ ਬਚਾਇਆ ਗਿਆ -2 ਦੀ ਭਾਲ ਜਾਰੀ।
- ਪੈਰਿਸ ਓਲੰਪਿਕ ਵਿਖੇ ਮਰਦਾਂ ਦੀ ਹਾਕੀ ਵਿਚ, ਕਾਂਸੀ ਦਾ ਤਮਗਾ ਜਿੱਤ ਕੇ ਪਰਤੀ, ਭਾਰਤੀ ਟੀਮ ਦਾ ਅੰਮ੍ਰਿਤਸਰ ਅਤੇ ਜਲੰਧਰ ਚ ਜ਼ੋਰਦਾਰ ਸਵਾਗਤ।

---------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਸਥਿਤ ਭਾਰਤੀ ਖੇਤੀ ਖੋਜ ਸੰਸਥਾਨ ਵਿਖੇ, 109 ਉੱਚ-ਉਪਜ ਵਾਲੀਆਂ, ਜਲਵਾਯੂ ਅਨੁਕੂਲ ਅਤੇ ਜੈਵ-ਸਸ਼ਕਤ ਫਸਲਾਂ ਦੀਆਂ ਕਿਸਮਾਂ ਜਾਰੀ ਕੀਤੀਆਂ। ਪ੍ਰਧਾਨ ਮੰਤਰੀ ਨੇ 61 ਫਸਲਾਂ ਦੀਆਂ 109 ਕਿਸਮਾਂ ਜਾਰੀ ਕੀਤੀਆਂ, ਜਿਸ ਵਿੱਚ 34 ਖੇਤ ਫਸਲਾਂ ਅਤੇ 27 ਬਾਗਬਾਨੀ ਫਸਲਾਂ ਸ਼ਾਮਲ ਨੇ। ਖੇਤਾਂ ਦੀਆਂ ਫਸਲਾਂ ਵਿੱਚ, ਬਾਜਰਾ, ਚਾਰੇ ਦੀਆਂ ਫਸਲਾਂ, ਤੇਲ ਬੀਜ, ਦਾਲ, ਗੰਨਾ, ਕਪਾਹ, ਫਾਈਬਰ ਅਤੇ ਹੋਰ ਸੰਭਾਵੀ ਫਸਲਾਂ ਸਮੇਤ ਵੱਖ-ਵੱਖ ਅਨਾਜਾਂ ਦੇ ਬੀਜ ਜਾਰੀ ਕੀਤੇ ਗਏ ਨੇ । ਬਾਗਬਾਨੀ ਫਸਲਾਂ ਵਿੱਚ ਫਲਾਂ, ਸਬਜ਼ੀਆਂ, ਬਾਗਾਨ ਫਸਲਾਂ, ਕੰਦ ਫਸਲਾਂ, ਮਸਾਲੇ, ਫੁੱਲਾਂ ਅਤੇ ਔਸ਼ਧੀ ਫਸਲਾਂ ਦੀਆਂ ਵੱਖ ਵੱਖ ਕਿਸਮਾਂ ਜਾਰੀ ਕੀਤੀਆਂ ਗਈਆਂ। ਪ੍ਰਧਾਨ ਮੰਤਰੀ ਨੇ ਇਸ ਮੌਕੇ ਕਿਸਾਨਾਂ ਅਤੇ ਵਿਗਿਆਨੀਆਂ ਨਾਲ ਗੱਲਬਾਤ ਵੀ ਕੀਤੀ । ਨਵੀਂਆਂ ਫ਼ਸਲਾਂ ਦੀਆਂ ਕਿਸਮਾਂ ਬਾਰੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਖੇਤੀਬਾੜੀ ਵਿੱਚ ਕਿਸਾਨਾਂ ਦਾ ਮੁਨਾਫ਼ਾ ਵਧੇਗਾ। ਕਿਸਾਨਾਂ ਨੇ ਦੱਸਿਆ ਕਿ ਨਵੀਂ ਕਿਸਮ ,ਉਨ੍ਹਾਂ ਦੇ ਖਰਚੇ

ਘਟਾਏਗੀ ਅਤੇ ਵਾਤਾਵਰਨ 'ਤੇ ਵੀ ਚੰਗਾ ਪ੍ਰਭਾਵ ਪਾਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਏ ਕਿ ਇਹ ਕਦਮ, ਕਿਸਾਨਾਂ ਲਈ ਚੰਗੀ ਆਮਦਨ ਯਕੀਨੀ ਬਣਾਉਣਗੇ ਅਤੇ ਉਨ੍ਹਾਂ ਲਈ ਉੱਦਮਤਾ ਦੇ ਨਵੇਂ ਰਾਹ ਖੋਲ੍ਹਣਗੇ ਅਤੇ 109 ਉੱਚ ਉਪਜ ਵਾਲੀਆਂ ਕਿਸਮਾਂ ਨੂੰ ਜਾਰੀ ਕਰਨ ਦਾ ਇਹ ਕਦਮ ਇਸ ਦਿਸ਼ਾ ਵਿੱਚ ਇੱਕ ਹੋਰ ਕਦਮ ਏ। ਪ੍ਰਧਾਨ ਮੰਤਰੀ ਨੇ ਮੋਟੇ ਅਨਾਜਾਂ  ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਲੋਕ ਪੌਸ਼ਟਿਕ ਭੋਜਨ ਵੱਲ ਆਕਰਸ਼ਿਤ ਹੋ ਰਹੇ ਨੇ। ਕੁਦਰਤੀ ਖੇਤੀ ਦੇ ਫਾਇਦਿਆਂ ਬਾਰੇ ਗੱਲ ਕਰਦਿਆਂ, ਉਨ੍ਹਾਂ ਕਿਹਾ ਕਿ ਜੈਵਿਕ ਖੇਤੀ ਪ੍ਰਤੀ ਆਮ ਲੋਕਾਂ ਦਾ ਭਰੋਸਾ ਵਧ ਰਿਹਾ ਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੋਕ ਜੈਵਿਕ ਭੋਜਨ ਖਾ ਰਹੇ ਨੇ ਅਤੇ ਉਨ੍ਹਾਂ ਦੀ ਮੰਗ ਵਧ ਰਹੀ ਏ। ਕਿਸਾਨਾਂ ਨੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ, ਸਰਕਾਰ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜਾਗਰੂਕਤਾ ਵਧਾਉਣ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਅਹਿਮ ਭੂਮਿਕਾ ਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕ੍ਰਿਸ਼ੀ ਵਿਗਿਆਨ ਕੇਂਦਰਾਂ ਨੂੰ, ਨਵੀਆਂ ਕਿਸਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦੇਣ ਲਈ ਸਰਗਰਮ ਭੂਮਿਕਾ

ਨਿਭਾਉਣੀ ਚਾਹੀਦੀ ਏ। ਸ਼੍ਰੀ ਮੋਦੀ ਨੇ ਫਸਲਾਂ ਦੀਆਂ ਨਵੀਆਂ ਕਿਸਮਾਂ ਵਿਕਸਿਤ ਕਰਨ ਲਈ ਵਿਗਿਆਨੀਆਂ ਦੀ ਪ੍ਰਸ਼ੰਸਾ ਕੀਤੀ । ਵਿਗਿਆਨੀਆਂ ਨੇ ਕਿਹਾ ਕਿ ਉਹ, ਪ੍ਰਧਾਨ ਮੰਤਰੀ ਦੇ ਸੁਝਾਵਾਂ ਅਨੁਸਾਰ ਕੰਮ ਕਰ ਰਹੇ ਨੇ। ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅੱਜ ਕਿਸਾਨਾਂ ਲਈ ਇਤਿਹਾਸਕ ਦਿਨ ਏ  ਜਦੋਂ 65 ਫਸਲਾਂ ਦੀਆਂ 109 ਕਿਸਮਾਂ ਜਾਰੀ ਕੀਤੀਆਂ ਗਈਆਂ ਨੇ।

---------------------------------------------------------------------

ਏਧਰ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਤੋਂ ਕਿਸਾਨਾਂ ਨੇ, ਪ੍ਰਧਾਨ ਮੰਤਰੀ ਨਰੇਂਦਰ ਮੋਦੀ  ਵਲੋਂ ਫਸਲਾਂ ਦੀਆਂ 109 ਕਿਸਮਾਂ ਜਾਰੀ ਕੀਤੇ ਜਾਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਏ।

---------------------------------------------------------------------

ਕੇਂਦਰੀ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ, ਗੰਨੇ ਤੋਂ ਇਲਾਵਾ, ਮੱਕੀ, ਟੁੱਟੇ ਹੋਏ ਚੌਲਾਂ, ਫਲਾਂ ਦੇ ਛਿਲਕਿਆਂ ਅਤੇ ਬਾਂਸ ਤੋਂ ਈਥਾਨੋਲ ਉਤਪਾਦਨ ਲਈ ਬਹੁ-ਆਯਾਮੀ ਅਤੇ ਭਵਿੱਖ-ਮੁਖੀ ਪਹੁੰਚ ਅਪਣਾਉਣ ਦੀ ਅਪੀਲ ਕੀਤੀ ਏ। ਕੱਲ੍ਹ ਨਵੀਂ ਦਿੱਲੀ ਵਿਖੇ  ਇੱਕ

ਸਮਾਗਮ ਵਿੱਚ ਬੋਲਦਿਆਂ ਅਮਿਤ ਸ਼ਾਹ ਨੇ ਕਿਹਾ ਕਿ ਈਥਾਨੋਲ ਉਤਪਾਦਨ ਇੱਕ ਲਾਭਦਾਇਕ ਅਤੇ ਵਿਹਾਰਕ ਪ੍ਰਣਾਲੀ ਏ। ਉਨ੍ਹਾਂ ਕਿਹਾ ਕਿ ਸਰਕਾਰ ਪੈਟਰੋਲ ਵਿੱਚ ਈਥਾਨੋਲ ਮਿਸ਼ਰਣ ਦੀ ਸੀਮਾ ਵਧਾ ਰਹੀ ਏ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪਹਿਲਕਦਮੀ ਸਦਕਾ, ਆਲਮੀ ਜੈਵ ਈਂਧਣ ਗਠਜੋੜ ਦੀ ਸਥਾਪਨਾ ਕੀਤੀ ਗਈ ਏ। ਇਸ ਨਾਲ ਈਥਾਨੋਲ ਦੀ ਬਰਾਮਦ ਦੇ ਮੌਕੇ ਪੈਦਾ ਹੋਣਗੇ ਅਤੇ ਕਿਸਾਨਾਂ ਨੂੰ ਸਿੱਧਾ ਫਾਇਦਾ ਹੋਵੇਗਾ।

---------------------------------------------------------------

ਸੈਨਿਕ ਸਕੂਲ ਕਪੂਰਥਲਾ ਨੇ 9ਵੀਂ ਤੋਂ 12ਵੀਂ ਜਮਾਤ ਦੇ 250 ਕੈਡਿਟਾਂ ਲਈ, 2 ਘੰਟੇ ਦਾ ਪ੍ਰੇਰਕ ਲੈਕਚਰ ਕਰਵਾਇਆ। 2 ਪੰਜਾਬ ਐਨ.ਸੀ.ਸੀ ਬਟਾਲੀਅਨ ਦੇ ਕਮਾਂਡਿੰਗ ਅਫ਼ਸਰ ਕਰਨਲ ਵਿਨੋਦ ਜੋਸ਼ੀ, ਨੇ ਐੱਸ. ਐੱਸ. ਬੀ. ਸੇਵਾ ਚੋਣ ਬੋਰਡ ਦੀਆਂ ਵੱਖ-ਵੱਖ ਪ੍ਰੀਖਿਆਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਮਨੋਵਿਗਿਆਨ ਦੇ ਚਾਰ ਟੈਸਟਾਂ ਬਾਰੇ ਵੀ ਦੱਸਿਆ। ਉਨ੍ਹਾਂ ਕੈਡਿਟਾਂ ਨੂੰ ਸਕਰੀਨਿੰਗ ਟੈਸਟ ਦੇ ਅਹਿਮ ਯੋਗਦਾਨ, ਦੋ ਦਿਨ ਵਿੱਚ ਕੀਤੇ ਜਾਣ ਵਾਲੇ 9 ਕਿਸਮ ਦੇ ਜ਼ਮੀਨੀ ਟੈਸਟ ਦੀ ਜਾਣਕਾਰੀ ਦਿੱਤੀ। ਕਰਨਲ ਜੋਸ਼ੀ ਨੇ ਕਿਹਾ ਕਿ ਰਾਸ਼ਟਰੀ ਰਖਿਆ ਅਕਾਦਮੀ ਐਨ.ਡੀ.ਏ ਭਾਰਤੀ ਸੈਨਾ ਦੀ ਸਭ ਤੋਂ ਵੱਡੀ ਅਫਸਰ

ਅਕੈਡਮੀ ਏ, ਜਿਸ ਵਿੱਚ ਹਰ 6 ਮਹੀਨੇ ਬਾਅਦ 400 ਮੁੰਡੇ ਤੇ 25 ਕੁੜੀਆਂ ਦੀ ਚੋਣ ਕੀਤੀ ਜਾਂਦੀ ਏ ਅਤੇ ਉਨ੍ਹਾਂ ਨੂੰ ਤਿੰਨ ਸਾਲਾਂ ਦੀ ਸਖ਼ਤ ਸਿਖਲਾਈ ਤੋਂ ਬਾਅਦ ਬੈਚਲਰ ਦੀ ਡਿਗਰੀ ਦਿੱਤੀ ਜਾਂਦੀ ਏ । ਉਸ ਤੋਂ ਬਾਅਦ, ਆਰਮੀ, ਏਅਰ ਫੋਰਸ ਤੇ ਨੇਵਲ ਅਕੈਡਮੀ ਵਿੱਚ ਇੱਕ ਸਾਲ ਦੀ ਸਿਖਲਾਈ ਮਗਰੋਂ, ਉਸਨੂੰ ਫੌਜੀ ਬਲਾਂ ਵਿੱਚ ਕਮਿਸ਼ਨਡ ਅਫਸਰ ਬਣਾਇਆ ਜਾਂਦਾ ਏ । ਉਨ੍ਹਾਂ ਕਿਹਾ ਕਿ ਸੈਨਿਕ ਸਕੂਲ ਦਾ ਉਦੇਸ਼ ਐਨ.ਡੀ.ਏ. ਲਈ ਕੈਡਿਟਾਂ ਨੂੰ ਤਿਆਰ ਕਰਨਾ ਏ । ਕਰਨਲ ਵਿਨੋਦ ਜੋਸ਼ੀ ਨੇ ਕਿਹਾ ਕਿ ਇਸ ਵੇਲੇ ਦੇਸ਼ ਵਿੱਚ 35 ਸੈਨਿਕ ਸਕੂਲ ਨੇ ਜਿਹੜੇ ਆਉਣ ਵਾਲੇ ਸਾਲਾਂ ਵਿੱਚ ਵਧ ਕੇ 100 ਹੋ ਜਾਣਗੇ । ਇਸ ਮੌਕੇ ਪ੍ਰਿੰਸੀਪਲ ਗਰੁੱਪ ਕੈਪਟਨ ਮਧੂ ਸੇਂਗਰ ਅਤੇ ਵਾਈਸ ਪ੍ਰਿੰਸੀਪਲ ਵਿੰਗ ਕਮਾਂਡਰ ਦੀਪਿਕਾ ਰਾਵਤ ਵੀ ਮੌਜੂਦ ਰਹੇ ।

---------------------------------------------------------------

ਦੇਸ਼ ਦੇ ਆਜ਼ਾਦੀ ਦਿਹਾੜੇ ਨੂੰ ਪੂਰੇ ਉਤਸ਼ਾਹ ਨਾਲ ਮਨਾਉਣ ਦੇ ਮਕਸਦ ਨਾਲ ਵਿਸ਼ੇਸ਼ ਤੌਰ ਤੇ ਲੋਕਾ ਦੀ ਸਹੂਲਤ ਲਈ ਰਾਸ਼ਟਰੀ ਝੰਡਾ, ਦੇਸ਼ ਦੇ ਹਰ ਡਾਕ ਘਰ ਚ ਉਪਲੱਬਧ ਕਰਵਾਇਆ ਜਾ ਰਿਹਾ ਏ । ਗੁਰਦਾਸਪੁਰ ਤੋਂ ਡਾਕ ਘਰ ਅਧਿਕਾਰੀ ਪਰਮਜੀਤ ਸਿੰਘ ਨੇ ਦੱਸਿਆ ਕੀ ਪਿਛਲੇ ਦੋ ਸਾਲਾ ਚ ਵੀ ਲੋਕਾਂ ਵਿਚ ਵੱਡਾ ਉਤਸਾਹ ਸੀ ਅਤੇ ਇਸ

ਵਾਰ ਵੀ ਲੋਕ ਉਹਨਾਂ ਤਕ ਪਹੁੰਚ ਕਰ ਰਹੇ ਨੇ ਅਤੇ ਲੋਕਾਂ ਨੂੰ ਤਿਰੰਗਾ ਝੰਡਾ ਦੇਣ ਲਈ ਉਹਨਾਂ ਵਲੋ ਵਿਸ਼ੇਸ਼ ਸਟਾਫ ਤੈਨਾਤ ਕੀਤਾ ਗਿਆ ਏ ਅਤੇ ਹਰ ਛੋਟੇ ਜਾ ਵਡੇ ਡਾਕ ਘਰ ਚ ਵੀ ਕੌਮੀ ਝੰਡੇ ਤਿਰੰਗੇ ਭੇਜੇ ਗਏ ਹਨ ਜਿਸ ਨਾਲ ਲੋਕਾਂ ਨੂੰ ਆਸਾਨੀ ਨਾਲ ਆਪਣੇ ਘਰਾ ਚ ਤਿਰੰਗਾ ਲਹਿਰਾਉਣ ਲਈ ਮਿਲ ਸਕੇ । ਇਸ ਵਾਰ ਉਹਨਾਂ ਵਲੋ ਲੋਕਾਂ ਦੀ ਸਹੂਲਤ ਲਈ ਗਲ਼ੀ ਮੁਹੱਲੇ ਡਾਕ ਵੱਢਣ ਜਾਣ ਵਾਲੇ ਡਾਕੀਏ ਰਾਹੀ ਵੀ ਮਿਲ ਸਕਦਾ ਏ। ਉਨ੍ਹਾਂ ਦਸਿਆ ਕਿ ਸਟਾਫ ਵਲੋ ਇਕ ਮੁਹਿੰਮ " ਸੈਲਫੀ ਵਿਦ ਤਿਰੰਗਾ " ਆਪਣੇ ਤੌਰ ਤੇ ਸ਼ੁਰੂ ਕੀਤੀ ਗਈ ਏ।

---------------------------------------------------

ਹੁਸ਼ਿਆਰਪੁਰ ਜ਼ਿਲੇ ਦੇ ਕਸਬਾ ਜੇਜੋ ਚੋਅ 'ਚ ਅੱਜ ਅਚਾਨਕ ਆਏ ਹੜ੍ਹ ਕਾਰਨ, ਕਾਰ ਸਵਾਰ 12 ਜਣੇ ਪਾਣੀ ਵਿਚ ਵਹਿ ਗਏ, ਜਿਨ੍ਹਾਂ ਵਿਚੋਂ 9 ਜਣਿਆਂ ਦੀ ਡੁੱਬਣ ਨਾਲ ਮੌਤ ਹੋ ਗਈ, ਜਦਕਿ ਇਕ ਨੂੰ ਬਚਾਇਆ ਗਿਆ 2 ਦੀ ਭਾਲ ਜਾਰੀ ਏ। ਸਾਡੇ ਹੁਸ਼ਿਆਰਪੁਰ ਵਾਲੇ ਪਤਰਕਾਰ ਮੁਤਾਬਿਕ ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ, ਡੇਹਰਾ ਵਾਸੀ ਦੀਪਕ ਭਾਟੀਆ ਆਪਣੇ ਪਰਿਵਾਰ ਸਮੇਤ ਨਵਾਂ ਸ਼ਹਿਰ ਵਿਖੇ ਇਕ ਵਿਆਹ 'ਚ ਸ਼ਾਮਲ ਹੋਣ ਲਈ ਕਾਰ 'ਚ ਜਾ ਰਹੇ ਸਨ, ਜਦੋਂ ਕਿ

ਡਰਾਈਵਰ ਕਾਰ ਚਲਾ ਰਿਹਾ ਸੀ । ਮਿਲੀ ਜਾਣਕਾਰੀ ਅਨੁਸਾਰ ਹਿਮਾਚਲ ਦੀ ਸਰਹੱਦ ਪਾਰ ਕਰਨ ਤੋਂ ਬਾਅਦ, ਉਨ੍ਹਾਂ ਦੀ ਕਾਰ ਚੋਅ ਤੋਂ ਲੰਘ ਰਹੀ ਸੀ, ਤਾਂ ਅਚਾਨਕ ਪਾਣੀ ਦਾ ਵਹਾਅ ਵਧ ਗਿਆ ਅਤੇ ਕਾਰ ਚਿੱਕੜ 'ਚ ਫਸ ਗਈ ਤੇ ਫਿਰ ਪਾਣੀ ਦੇ ਤੇਜ਼ ਵਹਾਅ ਨਾਲ ਵਹਿ ਗਈ । ਹੁਸ਼ਿਆਰਪੁਰ ਦੇ ਐਸ.ਐਸ.ਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਪੁਲਿਸ ਨੇ 9 ਮ੍ਰਿਤਕ ਦੇਹਾਂ ਬਰਾਮਦ ਕੀਤੀਆਂ ਨੇ 2 ਦੀ ਭਾਲ ਜਾਰੀ ਏ । ਉਨ੍ਹਾਂ ਦਸਿਆ ਕਿ ਜੇ.ਸੀ.ਬੀ ਮਸ਼ੀਨਾਂ ਦੀ ਮਦਦ ਨਾਲ ਕਾਰ ਵਿੱਚ ਫਸੇ ਇੱਕ ਵਿਅਕਤੀ ਨੂੰ ਬਚਾਇਆ ਗਿਆ । ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਐਨ.ਡੀ.ਆਰ.ਐਫ ਟੀਮ ਨੂੰ ਬੁਲਾਇਆ ਗਿਆ ।

------------------------------------------------------------

ਭਾਰਤੀ ਹਾਕੀ ਟੀਮ ਦੇ ਖਿਡਾਰੀ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ । ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਹਾਕੀ ਖਿਡਾਰੀਆਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਿਹਰੀ ਮਾਡਲ, ਧਾਰਮਿਕ ਪੁਸਤਕਾਂ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ । ਉਨ੍ਹਾਂ ਕਿਹਾ ਕਿ ਸਾਡੇ ਲਈ ਇਹ

ਮਾਣ ਵਾਲੀ ਗੱਲ ਏ ਕਿ ਜਦੋਂ ਵੀ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਭਰਵੀਂ ਸ਼ਮੂਲੀਅਤ ਰਹੀ ਏ ਤਾਂ ਟੀਮ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਨੇ । ਉਨ੍ਹਾਂ ਹਾਕੀ ਖਿਡਾਰੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦਿਆਂ ਭਵਿੱਖ ਵਿੱਚ ਹੋਰ ਵੱਡੀਆਂ ਪ੍ਰਾਪਤੀਆਂ ਲਈ ਅਰਦਾਸ ਵੀ ਕੀਤੀ। ਉਨ੍ਹਾਂ ਨੌਜਵਾਨਾਂ ਨੂੰ, ਦੇਸ਼ ਦੀ ਹਾਕੀ ਟੀਮ ਵਿੱਚ ਵੱਡੀ ਗਿਣਤੀ ਪੰਜਾਬੀ ਖਿਡਾਰੀਆਂ ਤੋਂ ਪ੍ਰੇਰਣਾ ਲੈਣ ਅਤੇ ਖੇਡਾਂ ਵਿੱਚ ਅੱਗੇ ਆਉਣ ਦੀ ਅਪੀਲ ਕੀਤੀ।

-----------------------------------------------------------

ਇਸ ਦੌਰਾਨ ਜਲੰਧਰ ਪੁੱਜਣ ‘ਤੇ ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਦਾ ਜੋਰਦਾਰ ਸਵਾਗਤ ਕੀਤਾ ਗਿਆ । ਲੋਕਾਂ ਨੇ ਖਿਡਾਰੀਆਂ ਨੂੰ ਫੁੱਲ ਮਾਲਾਵਾਂ ਪਹਿਨਾਈਆਂ ਅਤੇ ਢੋਲ ਦੀ ਥਾਪ ਤੇ ਨੱਚ ਟਪ ਕੇ ਖੁਸ਼ੀ ਦਾ ਇਜਹਾਰ ਕੀਤਾ । ਸ਼ਹਿਰ ਦੇ ਬੀ ਐੱਸ ਐੱਫ ਚੋਕ ਤੋਂ ਇਕ ਰੋਡ ਸ਼ੋ ਵੀ ਕਡਿਆ ਗਿਆ।

-----------------------------------------------------------

ਪੈਰਿਸ ਓਲੰਪਿਕ ਖੇਡਾਂ ਲਗਭਗ ਤਿੰਨ ਹਫ਼ਤਿਆਂ ਦੇ ਦਿਲਚਸਪ ਖੇਡ ਮੁਕਾਬਲਿਆਂ ਤੋਂ ਬਾਅਦ, ਅੱਜ ਰਾਤ ਸਮਾਪਤ ਹੋਣ ਜਾ ਰਹੀਆਂ ਨੇ । ਸਮਾਪਤੀ ਸਮਾਗਮ ਭਾਰਤੀ ਸਮੇਂ ਅਨੁਸਾਰ ਰਾਤੀ ਸਾਢੇ 12 ਵਜੇ ਸ਼ੁਰੂ

ਹੋਵੇਗਾ। ਇਸ ਦੌਰਾਨ ਸਟੇਡੀਅਮ ਵਿੱਚ 80 ਹਜ਼ਾਰ ਦਰਸ਼ਕਾਂ ਦੇ ਮੌਜੂਦ ਰਹਿਣ ਦੀ ਸੰਭਾਵਨਾ ਏ । ਸਮਾਪਤੀ ਸਮਾਗਮ  ਵਿੱਚ, ਓਲੰਪਿਕ ਝੰਡਾ- 2028 ਵਿੱਚ ਲਾਸ ਏਂਜਲਸ ਵਿੱਚ ਹੋਣ ਵਾਲੀਆਂ ਅਗਲੀਆਂ ਓਲੰਪਿਕ ਖੇਡਾਂ ਦੀ ਪ੍ਰਬੰਧਕੀ ਕਮੇਟੀ ਨੂੰ ਸੌਂਪਿਆ ਜਾਵੇਗਾ । ਇਸ ਓਲੰਪਿਕ ਵਿੱਚ ਭਾਰਤ ਨੇ ਇੱਕ ਚਾਂਦੀ ਅਤੇ ਪੰਜ ਕਾਂਸੀ ਦੇ ਤਗਮੇ ਜਿੱਤ ਕੇ 71ਵਾਂ ਸਥਾਨ ਹਾਸਲ ਕੀਤਾ ਏ । ਨਿਸ਼ਾਨੇਬਾਜ਼ ਮਨੂ ਭਾਕਰ ਨੇ ਕਾਂਸੀ ਦਾ ਤਗਮਾ ਜਿੱਤ ਕੇ ਭਾਰਤ ਨੂੰ ਇਸ ਓਲੰਪਿਕ ਵਿੱਚ ਪਹਿਲਾ ਤਮਗਾ ਦਿਵਾ ਕੇ ਇਤਿਹਾਸ ਰਚਿਆ  । ਉਹ ਓਲੰਪਿਕ ਸ਼ੂਟਿੰਗ 'ਚ ਤਮਗਾ ਜਿੱਤਣ ਵਾਲੀ ਪਹਿਲੀ ਮਹਿਲਾ ਬਣ ਗਈ ਏ । ਚੀਨ 39 ਸੋਨੇ ਦੇ, 27 ਚਾਂਦੀ ਅਤੇ 24 ਕਾਂਸੀ ਦੇ ਤਮਗਿਆਂ  ਨਾਲ ਤਮਗਾ ਸੂਚੀ ਵਿਚ ਸਿਖਰ 'ਤੇ ਰਿਹਾ ।

---------------------------------------------------------------

ਪੰਜਾਬ ਦੇ ਜਲੰਧਰ, ਪਠਾਨਕੋਟ, ਹੁਸ਼ਿਆਰਪੁਰ, ਮੋਹਾਲੀ, ਅਤੇ ਪਟਿਆਲ਼ਾ ਜਿਲ੍ਹਿਆਂ ‘ਚ ਸਵੇਰੇ ਪਏ ਭਾਰੀ ਮੀਂਹ ਨਾਲ ਲੋਕਾਂ ਨੂੰ ਹੁੰਮਸ ਭਰੀ ਗਰਮੀ ਤੋਂ ਰਾਹਤ ਮਿਲੀ ਏ, ਅਤੇ ਮੌਸਮ ਬਹੁਤ ਸੁਹਾਵਣਾ ਹੋ ਗਿਆ ।  ਕਈ ਥਾਈਂ ਅਜੇ ਵੀ ਹਲਕੀ ਬੱਦਲਵਾਈ ਵੀ ਬਣੀ ਹੋਈ ਏ ।

ਮੌਸਮ ਵਿਭਾਗ ਨੇ ਅੱਜ ਉੱਤਰਾਖੰਡ, ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਭਾਰੀ ਮੀਂਹ ਦੀ ਭਵਿੱਖਬਾਣੀ ਜਾਰੀ ਕੀਤੀ ਏ। ਵਿਭਾਗ ਨੇ ਅਗਲੇ 5 ਦਿਨਾਂ ਦੌਰਾਨ ਦੇਸ਼ ਦੇ ਪੂਰਬੀ, ਉੱਤਰ-ਪੂਰਬੀ ਅਤੇ ਉੱਤਰ-ਪੱਛਮੀ ਖੇਤਰਾਂ ਵਿੱਚ ਭਾਰੀ ਮੀਂਹ ਦੀ ਪੇਸ਼ੀਨਗੋਈ ਵੀ ਕੀਤੀ ਏ।